ਪੰਜਾਬ ਸਰਕਾਰ
ਮਾਲ ਅਤੇ ਪੁਨਰਵਾਸ ਵਿਭਾਗ
(ਮੁਰੱਬਾਬੰਦੀ ਸਾਖਾ)

ਸੇਵਾ ਵਿਖੇ

1. ਡਾਇਰੈਕਟਰ, ਭੌਂ ਰਿਕਾਰਡ, ਪੰਜਾਬ, ਜਲੰਧਰ।
2. ਸਮੂੰਹ ਪੰਜਾਬ ਰਾਜ ਦੇ ਕਮਿਸਨਰ ।
3. ਸਮੂੰਹ ਪੰਜਾਬ ਰਾਜ ਦੇ ਡਿਪਟੀ ਕਮਿਸਨਰ ।
4. ਸਮੂੰਹ ਪੰਜਾਬ ਰਾਜ ਦੇ ਉਪ ਮੰਡਲ ਮੈਜਿਸਟਰੇਟ
5. ਸਮੂੰਹ ਪੰਜਾਬ ਰਾਜ ਦੇ ਜਿਲ੍ਹਾ ਮਾਲ ਅਫਸਰ।
6. ਸਮੂੰਹ ਪੰਜਾਬ ਰਾਜ ਦੇ ਤਹਿਸੀਲਦਾਰ।

ਮੀਮੋ ਨੰ:17/19/2002-ਮਬ.5/6161
ਚੰਡੀਗੜ੍ਹ, ਮਿਤੀ 09.8.2007

ਵਿਸਾ:- ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ)1948 ਵਿੱਚ ਸੋਧ।

****

ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਐਕਟ,1948 ਵਿੱਚ ਧਾਰਾ **42-A** ਸਾਮਿਲ ਕਰਕੇ ਸੋਧ ਕਰਨ ਲਈ ਮਿਤੀ 22.5.2007 ਨੂੰ ਆਰਡੀਨੈਂਸ ਜਾਰੀ ਕੀਤਾ ਗਿਆ ਸੀ ਜੋ ਕਿ ਹੇਠ ਲਿਖੇ ਅਨੁਸਾਰ ਸੀ:-

**42-A** "ਇਸ ਐਕਟ ਵਿੱਚ ਜਾਂ ਹੋਰ ਕੋਈ ਵੀ ਕਾਨੂੰਨ ਜੋ ਕਿ ਇਸ ਸਮੇਂ ਲਾਗੂ ਹੋਵੇ ਜਾਂ ਕਿਸੇ ਫੈਸਲੇ, ਹੁਕਮ/ਡਿਕਰੀ ਜਾਂ ਕਿਸੇ ਅਦਾਲਤ ਦੇ ਫੈਸਲੇ ਜਾਂ ਕਿਸੇ ਅਫਸਰ ਜਾਂ ਅਥਾਰਟੀ ਦੇ ਹੁਕਮ ਦੇ ਬਾਵਜੂਦ ਵੀ ਸਾਂਝੇ ਮੰਤਵਾਂ ਲਈ ਭਾਵੇਂ ਉਹ ਚੱਕਬੰਦੀ ਸਕੀਮ ਵਿੱਚ ਦਰਜ ਹਨ ਜਾਂ ਨਹੀਂ, ਰਾਖਵੀਂ ਰੱਖੀ ਗਈ ਜਮੀਨ ਪਿੰਡ ਦੇ ਮਾਲਕਾਂ ਵਿੱਚ ਨਹੀਂ ਵੰਡੀ ਜਾਵੇਗੀ ਅਤੇ ਇਹ ਸਾਂਝੇ ਮੰਤਵਾਂ ਲਈ ਵਰਤੀ ਜਾਵੇਗੀ ਅਤੇ ਵਰਤੀ ਜਾਂਦੀ ਰਹੇਗੀ।"

ਇਹ ਆਰਡੀਨੈਂਸ ਐਕਟ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ ਅਤੇ ਇਸ ਤਰ੍ਹਾਂ ਇਹ ਕਾਨੂੰਨ ਬਣ ਚੁੱਕਾ ਹੈ।

2. ਮਾਲ ਵਿਭਾਗ ਦੇ ਸਾਰੇ ਮਾਲ ਅਫਸਰਾਂ ਅਤੇ ਹੋਰ ਕਰਮਚਾਰੀਆਂ ਵਲੋਂ ਇਸ ਸੋਧੇ ਹੋਏ ਕਾਨੂੰਨ ਦੀ ਪਾਲਣਾ ਕਰਨੀ ਬਣਦੀ ਹੈ। ਇਸ ਕਾਨੂੰਨ ਦੀ ਪਾਲਣਾ ਵਜੋਂ ਆਪ ਵਲੋਂ ਹੇਠ ਲਿਖੀ ਕਾਰਵਾਈ ਕਰਨੀ ਲੋੜੀਂਦੀ ਹੈ:-

ੳ) ਕੋਈ ਵੀ ਖੇਵਟ ਜਿਸ ਦੀ ਮਲਕੀਅਤ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਰੂਲ, 1949 ਦੀ ਧਾਰਾ **16(ii)** ਤਹਿਤ ਦਰ ਕੀਤੀ ਗਈ ਹੈ, ਕਿਸੇ ਵਿਅਕਤੀ ਦੇ ਨਾਮ ਸਾਂਝੇ ਤੋਰ ਤੇ ਜਾਂ ਵੱਖਰੇ ਤੌਰ ਤੇ ਦਰ /ਤਬਦੀਲ ਨਹੀਂ ਕੀਤੀ ਜਾ ਸਕਦੀ ਭਾਵੇਂ ਕਿ ਕਿਸੇ ਅਦਾਲਤ ਜਾਂ ਮਾਲ ਅਫਸਰ ਜਾਂ ਕਿਸੇ ਹੋਰ ਅਧਿਕਾਰੀ ਵਲੋਂ ਹੁਕਮ ਕਿਉਂ ਨਾ ਕੀਤੇ ਗਏ ਹੋਣ।

ਅ) ਆਪ ਇਹ ਯਕੀਨੀ ਬਣਾਉਕਿ ਜੋ ਜਮੀਨ ਜੁਮਲਾ ਮਾਲਕਾਨ ਜਾਂ ਮੁਸਤਰਕਾ ਮਾਲਕਾਨ ਦੇ ਨਾਂ ਤੇ ਦਰਜ ਹੈ ਉਹ ਇਸੇ ਤਰ੍ਹਾਂ ਦਰਜ ਰਹੇਗੀ ਅਤੇ ਉਹ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ

ਟੁਕੜੇ ਹੋਣ ਤੇ ਰੋਕ) ਐਕਟ, 1948 ਦੀ ਧਾਰਾ 23-**A** ਅਨੁਸਾਰ ਗ੍ਰਾਮ ਪੰਚਾਇਤ ਜਾਂ ਰਾਜ ਸਰਕਾਰ ਦੇ ਕੰਟਰੋਲ ਅਤੇ ਪ੍ਰਬੰਧ ਹੇਠ ਸਾਂਝੇ ਮੰਤਵਾਂ ਲਈ ਵਰਤੀ ਜਾਂਦੀ ਰਹੇਗੀ।

ੲ) ਇਸ ਤਰ੍ਹਾਂ ਜੇਕਰ ਕੋਈ ਇੰਤਕਾਲ ਦਰਜ ਹੋ ਚੁੱਕਾ ਹੈ ਜਾਂ ਹੁਣ ਕੀਤੀ ਗਈ ਸੋਧ ਅਨੁਸਾਰ ਜਾਂ ਕਿਸੇ ਅਦਾਲਤ ਜਾਂ ਅਧਿਕਾਰੀ ਜਾਂ ਅਫਸਰ ਵਲੋਂ ਕੀਤੇ ਕਿਸੇ ਹੁਕਮ ਕਾਰਨ ਦਰਜ ਕਰਨਾ ਜਰੂਰੀ ਹੈ ਅਤੇ ਮਾਲ ਅਧਿਕਾਰੀ ਪਾਸ ਫੈਸਲੇ ਲਈ ਪੇਸ਼ ਹੁੰਦਾ ਹੈ ਤਾਂ ਇਸਦਾ ਫੈਸਲਾ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਐਕਟ, 1948 ਦੀ ਧਾਰਾ 42-**A** ਅਨੁਸਾਰ ਕੀਤਾ ਜਾਵੇਗਾ। ਦੂਸਰੇ ਸਬਦਾਂ ਵਿਚ ਧਾਰਾ 42-**A** ਦਾ ਅਸਰ ਬਾਕੀ ਸਾਰੇ ਕਾਨੂੰਨਾਂ, ਸਾਰੀਆਂ ਅਦਾਲਤਾਂ ਅਤੇ ਅਧਿਕਾਰੀਆਂ ਵਲੋਂ ਦਿਤੇ ਗਏ ਹੁਕਮਾਂ ਤੋਂ ਉਪਰ ਰਹੇਗਾ।

2. ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਕੋਈ ਵੀ ਜਮੀਨ ਜੋ ਕਿ ਸਾਂਝੇ ਮੰਤਵਾਂ ਲਈ ਰੱਖੀ ਗਈ ਸੀ, ਭਾਵੇਂ ਅਜਿਹੇ ਮੰਤਵ ਦਾ ਜਿਕਰ ਉਸ ਪਿੰਡ ਦੀ ਮੁਰੱਬਾਬੰਦੀ ਸਕੀਮ ਵਿੱਚ ਕੀਤਾ ਗਿਆ ਸੀ ਜਾਂ ਨਹੀਂ, ਕਿਸੇ ਦੇ ਨਾਂ ਤੇ ਤਬਦੀਲ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਇਹ ਮੀਨ ਮਾਲਕਾਂ ਵਿੱਚ ਵਿਅਕਤੀਗਤ ਦੇ ਤੌਰ ਤੇ ਵੰਡੀ ਜਾਵੇਗੀ ਅਤੇ ਇਹ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਰੂਲ, 1949 ਦੀ ਧਾਰਾ 16 (ii) ਅਨੁਸਾਰ ਜੁਮਲਾ ਮਾਲਕਾਨ ਵਾ ਦੀਗਾਰ ਹੱਕਦਾਰਨ ਅਰਾਜੀ ਹਸਬ ਰਸਦ ਦੇ ਨਾਂ ਤੇ ਦਰਜ ਰਹੇਗੀ। ਰੂਲ 16 (ii) ਹੇਠ ਲਿਖੇ ਅਨੁਸਾਰ ਹੈ:-

**"XXX XXXX XXXXX**

**16(ii) Proprietary rights in respect of land so reserved (except the area reserved for the extension of abadi or proprietors and non-proprietors) shall vest in proprietary body of the estate or estates concerned and it shall be entered in the column of ownership of record of rights as (Jumla Malkan Wa Digar Haqdaran Arazi Hasab Rasad). The management of such land shall be done by the Panchayat of the estate or estates concerned on behalf of the village proprietary body and the Panchayat shall have the right to utilize the income derived from the land so reserved for the common needs and the benefits of the estate or estates concerned."**

3. ਅੱਗੇ ਹੋਰ ਸਪੱਸਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਦਾਲਤ ਦੇ ਫੈਸਲੇ ਜਾਂ ਕਿਸੇ ਅਧਿਕਾਰੀ ਜਾਂ ਕਿਸੇ ਅਫਸਰ ਦੇ ਹੁਕਮ ਨੂੰ ਲਾਗੂ ਨਹੀਂ ਨਹੀਂ ਕੀਤਾ ਜਾਵੇਗਾ ਜੇਕਰ ਇਹ ਕਿਸੇ ਤਰ੍ਹਾਂ ਪੂਰਬੀ ਪੰਜਾਬ ਜੋਤਾਂ (ਚੱਕਬੰਦੀ ਅਤੇ ਜੋਤਾਂ ਦੇ ਟੁਕੜੇ ਹੋਣ ਤੇ ਰੋਕ) ਐਕਟ 1948 ਦੀ ਧਾਰਾ 42-**A** ਦੇ ਖਿਲਾਫ ਹੋਵੇਗਾ ਜਾਂ ਇਹ ਜੁਮਲਾ ਮਾਲਕਾਨ ਜਾਂ ਮੁਸਤਰਕਾ ਮਾਲਕਾਨ ਦੇ ਨਾਂ ਤੇ ਦਰਜ ਜਮੀਨ ਨੂੰ ਵੰਡਣ ਜਾਂ ਪ੍ਰਭਾਵਤ ਕਰਨ ਬਾਰੇ ਹੋਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ਅਤੇ ਇਸ ਨਾਲ ਨੱਥੀ ਨੋਟੀਫਿਕੇਸਨ ਦਾ ਆਪਣੇ ਅਧੀਨ ਕੰਮ ਕਰਦੇ ਪਟਵਾਰੀਆਂ ਦੇ ਰੋਜਨਾਮਚੇ ਵਿੱਚ ਇੰਦਰਾਜ ਕੀਤਾ ਜਾਵੇ।

ਅਧੀਨ ਸਕੱਤਰ, ਪੰਜਾਬ ਸਰਕਾਰ,
ਮਾਲ ਵਿਭਾਗ।

ਪਿੱਠ ਅੰਕਣ ਨੰ:17/19/2002-ਮਬ.5/ 6162

ਚੰਡੀਗੜ੍ਹ, ਮਿਤੀ 09.7.2007.

ਇਸਦਾ ਇਕ ਉਤਾਰਾ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪੰਜਾਬ ਸਰਕਾਰ,
ਮਾਲ ਵਿਭਾਗ।